# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

# ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 18:- ਬ੍ਰਿਗੇਡੀਅਰ ਟੀਐੱਸ ਸਿਦਾਨਾ ਦੀ ਦੇਖਰੇਖ ਵਿਚ ਰਾਸ਼ਟਰੀ ਡੀਫੈਂਸ ਕਾਲਜ਼ ਦੇ 13 ਅਧਿਕਾਰੀਆਂ ਦੇ ਇੱਕ ਪ੍ਰਤੀਨਿਧੀ ਮੰਡਲ ਨੇ ਅੱਜ ਪੰਜਾਬ ਦੇ ਰਾਜ਼ਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ. ਪਾਟਿਲ ਨਾਲ ਪੰਜਾਬ ਰਾਜਭਵਨ ਵਿਚ ਮੁਲਾਕਾਤ ਕੀਤੀ। ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਟੈਕਨੋਲੋਜ਼ੀ ਅਧਿਐਨ ਦੌਰੇ ਤੇ ਗਏ ਅਧਿਕਾਰੀਆਂ ਦੇ ਨਾਲ ਗੱਲਬਾਤ ਕਰਦੇ ਹੋਏ ਸ਼੍ਰੀ ਪਾਟਿਲ ਨੇ ਅਧਿਕਾਰੀਆਂ ਨੂੰ ਕੇਂਦਰੀ ਵਿਗਿਆਨਿਕ ਉਪਕਰਨ ਸੰਗਠਨ (ਸੀਐਸਆਈਓ) ਦਾ ਦੌਰਾ ਕਰਨ ਦੇ ਲਈ ਵੀ ਕਿਹਾ। ਸੀਐਸਆਈਓ ਨੇ ਏਅਰਕਰਾਫਟ ਦਾ ਸਾਹਮਣਾ ਕਰਨ ਦੇ ਲਈ ਹੈੱਡ ਅੱਪ ਡਿਸਪਲੇ ਵਰਗੀ ਅਧੁਨਿਕ ਪ੍ਰਣਾਲੀ ਦਾ ਵਿਕਾਸ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ ਅਤੇ ਨਾਲ ਹੀ ਅਜਿਹੇ ਛੋਟੇ ਯੰਤਰਾਂ ਦਾ ਵਿਕਾਸ ਕੀਤਾ ਹੈ ਜਿਹੜੇ ਕ੍ਰਿਸ਼ੀ ਭੂਮੀ ਦਾ ਨਿਰੀਖਣ ਕਰਕੇ ਇਹ ਦੱਸ ਸਕਣਗੇ ਕਿ ਮਿੱਟੀ ਵਿਚ ਕਿਸ ਤੱਤ ਦੀ ਕਮੀ ਹੈ ਅਤੇ ਕਿੰਨੇ ਪਾਣੀ ਦੀ ਜਰੂਰਤ ਹੈ।

ਸ਼੍ਰੀ ਪਾਟਿਲ ਨੇ ਕਿਹਾ ਕਿ ਅੱਜ ਭੂਮੀ ਦੀ ਉਤਪਾਦਨ ਸ਼ਕਤੀ ਨੂੰ ਹੋਰ ਅਧਿਕ ਵਿਕਸਤ ਕਰਨ ਦੀ ਜਰੂਰਤ ਹੈ। ਭੂ-ਜਲ ਸਤ੍ਹਾ ਕਾਫੀ

ਤੇਜ਼ੀ ਨਾਲ ਘੱਟ ਹੋ ਰਹੀ ਹੈ, ਇਸ ਲਈ ਸਾਨੂੰ ਮੀਂਹ ਦੇ ਪਾਣੀ ਦਾ ਬਚਾਅ ਅਤੇ ਮਿੱਟੀ ਨਿਰੀਖਣ ਦੀਆਂ ਹੋਰ ਅਧਿਕ ਪ੍ਰਯੋਗਸ਼ਾਲਾਵਾਂ ਸਥਾਪਿਤ ਕਰਨੀਆਂ ਹੋਣਗੀਆਂ ਤਾਂਕਿ ਕਿਸਾਨ ਕੇਵਲ ਜਰੂਰੀ ਕੀਟਨਾਸ਼ਕਾਂ ਦਾ ਪ੍ਰਯੋਗ ਕਰਨ। ਇਸ ਨਾਲ ਕਿਸਾਨਾਂ ਨੂੰ ਘੱਟ ਕੀਮਤ ਤੇ ਅਧਿਕ ਉਪਜ਼ ਪ੍ਰਾਪਤ ਕਰਨ ਵਿਚ ਮੱਦਦ ਮਿਲੇਗੀ।

ਸ਼੍ਰੀ ਪਾਟਿਲ ਨੇ ਅਧਿਕਾਰੀਆਂ ਨੂੰ ਪੁੱਛਿਆ ਕਿ ਅਧਿਐਨ ਦੌਰੇ ਦੇ ਦੌਰਾਨ ਪੰਜਾਬ ਦੇ ਲੋਕਾਂ ਨਾਲ ਗੱਲਬਾਤ ਕਰਨ ਤੇ ਉਹਨਾਂ ਨੇ ਕੀ ਪਾਇਆ ? ਤਾਂ ਇਸ ਤੇ ਬ੍ਰਿਗੇਡੀਅਰ ਸਿਦਾਨਾ ਨੇ ਦੱਸਿਆ ਕਿ ਰਾਜ਼ ਦਾ ਆਧਾਰ ਖੇਤੀ ਹੈ ਪਰ ਕਿਸਾਨਾਂ ਨੂੰ ਪਤਾ ਹੈ ਕਿ ਖੇਤੀ ਹੁਣ ਇੱਕ ਲਾਭਦਾਇਕ ਵਪਾਰ ਨਹੀਂ ਹੈ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਟੀਮ ਨੇ ਹੀਰੋ ਸਾਈਕਲ ਲੁਧਿਆਣਾ, ਓਸੀਐਮ ਅਮ੍ਰਿਤਸਰ ਅਤੇ ਰੇਲਵੇ ਕੋਚ ਫੈਕਟਰੀ ਕਪੂਰਥਲਾ ਦਾ ਵੀ ਦੌਰਾ ਕੀਤਾ ਹੈ।

ਇਸ ਮੌਕੇ ਤੇ ਸ਼੍ਰੀ ਵਿਸ਼ਵਾਸ ਮਹਿਤਾ, ਸੰਯੁਕਤ ਸਕੱਤਰ, ਮਨਿਸਟਰੀ ਆਫ ਡੀਫੈਂਸ ਗਰੁੱਪ ਕੈਪਟਨ, ਜੇਮਜ਼ ਕਰਾਫਟ ਆਫ ਯੂਐਸ ਏਅਰਫੋਰਸ, ਤੰਜਾਨੀਆ ਆਰਮੀ ਦੇ ਬ੍ਰਿਗੇਡੀਅਰ ਜਨਰਲ ਆਈ.ਪਾਂਡਾ, ਮਲੇਸ਼ੀਆ ਤੋਂ ਏਅਰ ਕਮੋਡੋਰ ਡੀਓਐਲਓ, ਪੰਜਾਬ ਰਾਜ਼ਪਾਲ ਦੇ ਸਕੱਤਰ ਸ਼੍ਰੀ ਐਮ.ਪੀ.ਸਿੰਘ ਅਤੇ ਪੰਜਾਬ ਦੇ ਰਾਜਪਾਲ ਦੇ ਏਡੀਸੀ ਮੇਜ਼ਰ ਸੀ. ਸੰਦੀਪ ਵੀ ਮੌਜੂਦ ਸਨ।